# Visit of H.E. Mr. Nikola Selaković, Minister of Foreign Affairs of Serbia to India

September 21, 2021

........................................................................................................................................

# ਸਰਬੀਆ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਨਿਕੋਲਾ ਸੇਲਾਕੋਵਿਚ ਵੱਲੋਂ ਭਾਰਤ ਦੀ ਫੇਰੀ

**21 ਸਤੰਬਰ, 2021**

1. ਸਰਬੀਆ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਨਿਕੋਲਾ ਸੇਲਾਕੋਵਿਚ ਨੇ ਸਰਬੀਆਈ ਰਾਸ਼ਟਰਪਤੀ ਦੇ ਵਿਸ਼ੇਸ਼ ਦੂਤ ਵਜੋਂ 19-20 ਸਤੰਬਰ, 2021 ਤੱਕ ਭਾਰਤ ਦੀ ਅਧਿਕਾਰਤ ਯਾਤਰਾ ਕੀਤੀ।

2. ਆਪਣੀ ਇਸ ਫੇਰੀ ਦੌਰਾਨ ਉਨ੍ਹਾਂ ਨੇ ਭਾਰਤ ਦੇ ਮਾਨਯੋਗ ਉਪ-ਰਾਸ਼ਟਰਪਤੀ, ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਅਤੇ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਨਾਲ ਮੁਲਾਕਾਤ ਕਰ ਵਿਚਾਰ ਵਟਾਂਦਰੇ ਕੀਤੇ।

3. ਗੁਟ ਨਿਰਪੱਖ ਮੁਹਿੰਮ ਦੇ ਸੰਸਥਾਪਕਾਂ ਵਜੋਂ ਭਾਰਤ ਅਤੇ ਸਰਬੀਆ ਦੇ ਪਰੰਪਰਾਗਤ ਤੌਰ 'ਤੇ ਆਪਸੀ ਮਹੱਤਤਾ ਦੇ ਦੁਵੱਲੇ ਅਤੇ ਆਲਮੀ ਮੁੱਦਿਆਂ 'ਤੇ ਨੇੜਲੇ ਸਹਿਯੋਗ ਕਾਰਨ ਨਜ਼ਦੀਕੀ ਅਤੇ ਦੋਸਤਾਨਾ ਸਬੰਧ ਰਹੇ ਹਨ। ਭਾਰਤੀ ਧਿਰ ਨੇ ਗੁਟ ਨਿਰਪੱਖ ਮੁਹਿੰਮ ਦੀ ਪਹਿਲੀ ਕਾਨਫਰੰਸ ਦੀ 60 ਵੀਂ ਵਰ੍ਹੇਗੰਢ ਦੇ ਮੌਕੇ 11-12 ਅਕਤੂਬਰ, 2021 ਨੂੰ ਬੈਲਗ੍ਰੇਡ ਵਿੱਚ ਹੋ ਰਹੇ ਯਾਦਗਾਰੀ ਸਮਾਗਮ ਲਈ ਸਰਬੀਆ ਦੀ ਸਫਲਤਾ ਦੀ ਕਾਮਨਾ ਕੀਤੀ।

4. ਦੋਹਾਂ ਪੱਖਾਂ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਅਤੇ ਡੂੰਘਾ ਕਰਨ ਬਾਰੇ ਵਿਆਪਕ ਵਿਚਾਰ ਵਟਾਂਦਰੇ ਕੀਤੇ, ਜਿਸ ਵਿੱਚ ਅਗਲੇ ਕੁਝ ਮਹੀਨਿਆਂ ਦੌਰਾਨ ਵਿਦੇਸ਼ ਦਫਤਰਾਂ ਦੇ ਸਲਾਹ -ਮਸ਼ਵਰੇ ਅਤੇ ਆਰਥਿਕ ਸਹਿਯੋਗ ਬਾਰੇ ਸਾਂਝਾ ਕਮਿਸ਼ਨ ਦੇ ਅਗਲੇ ਗੇੜ ਦਾ ਹੋਣਾ ਸ਼ਾਮਲ ਹੈ। ਉਨ੍ਹਾਂ ਨੇ ਦੋਹਾਂ ਦੇਸ਼ਾਂ ਦਰਮਿਆਨ ਉੱਚ ਪੱਧਰੀ ਵਟਾਂਦਰੇ ਦੇ ਜਾਰੀ ਰਹਿਣ 'ਤੇ ਵੀ ਤਸੱਲੀ ਜ਼ਾਹਰ ਕੀਤੀ ਅਤੇ ਖੇਤੀਬਾੜੀ, ਫੂਡ ਪ੍ਰੋਸੈਸਿੰਗ, ਰਸਾਇਣ, ਫਾਰਮਾਸਿਉਟਿਕਲਸ, ਇਲੈਕਟ੍ਰੌਨਿਕਸ, ਆਈਟੀ ਅਤੇ ਆਈਟੀਈਐਸ, ਹੈਵੀ ਇੰਜੀਨੀਅਰਿੰਗ, ਮਸ਼ੀਨਰੀ ਅਤੇ ਉਪਕਰਣ, ਬੁਨਿਆਦੀ ਢਾਂਚਾ ਅਤੇ ਨਿਰਮਾਣ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੇ ਮੌਕਿਆਂ 'ਤੇ ਚਰਚਾ ਕੀਤੀ।

5. ਦੋਵਾਂ ਧਿਰਾਂ ਨੇ ਆਪੋ ਆਪਣੇ ਰਾਸ਼ਟਰੀ ਅਧਿਕਾਰੀਆਂ ਦੁਆਰਾ ਜਾਰੀ ਕੀਤੇ ਗਏ ਕੋਵਿਡ ਟੀਕੇ ਦੇ ਸਰਟੀਫਿਕੇਟ ਨੂੰ ਪ੍ਰਵਾਨਗੀ ਦੇਣ ਦੇ ਆਪਸੀ ਵਿਵਸਥਾ ਹੋਣ ਦਾ ਸਵਾਗਤ ਕੀਤਾ। ਇਸ ਨਾਲ ਲੋਕ ਪੱਧਰੀ ਸੰਪਰਕ ਅਤੇ ਵਪਾਰ ਅਤੇ ਵਪਾਰਕ ਉਦੇਸ਼ਾਂ ਲਈ ਯਾਤਰਾ ਨੂੰ ਉਤਸ਼ਾਹ ਮਿਲੇਗਾ।

6. ਇਸ ਫੇਰੀ ਦੌਰਾਨ ਕੂਟਨੀਤਕ ਮਿਸ਼ਨਾਂ ਅਤੇ ਕੌਂਸਲਰ ਪੋਸਟਾਂ ਦੇ ਮੈਂਬਰਾਂ ਤੇ ਨਿਰਭਰ ਲੋਕਾਂ ਲਈ ਲਾਭਦਾਇਕ ਰੁਜ਼ਗਾਰ ਬਾਰੇ ਸਮਝੌਤੇ 'ਤੇ ਹਸਤਾਖਰ ਕੀਤੇ ਗਏ।

7. ਦੋਵਾਂ ਮੰਤਰੀਆਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ ਸਾਂਝੇ ਕੀਤੇ। ਉਹ ਇਸ ਗੱਲ ਤੇ ਸਹਿਮਤ ਹੋਏ ਕਿ ਕਾਨੂੰਨ ਦਾ ਰਾਜ ਅਤੇ ਪ੍ਰਭੂਸੱਤਾ ਦਾ ਸਤਿਕਾਰ, ਅਤੇ ਖੇਤਰੀ ਅਖੰਡਤਾ ਅੰਤਰਰਾਸ਼ਟਰੀ ਸਬੰਧਾਂ ਦੇ ਬੁਨਿਆਦੀ ਸਿਧਾਂਤ ਹਨ, ਜਿਨ੍ਹਾਂ ਨੂੰ ਸਾਰਿਆਂ ਵੱਲੋਂ ਮੰਨਿਆ ਜਾਣਾ ਚਾਹੀਦਾ ਹੈ।

ਨਵੀਂ ਦਿੱਲੀ
21 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.